ਨੰ: ਪਸਸਬੋਂ.ਕਸ.ਤ. 796 ਮਿਤੀ 29/1/14

ਵੱਲ

ਸਮੂਹ ਹੈਡ ਮਾਸਟਰ/ਪ੍ਰਿੰਸੀਪਲ

ਪੰਜਾਬ।

ਵਿਸ਼ਾ :- ਦਸਵੀਂ/ਬਾਰ੍ਹਵੀਂ ਮਾਰਚ-2014 ਦੀ ਪ੍ਰੀਖਿਆ ਦੇ ਪ੍ਰਸ਼ਨ-ਪੱਤਰ ਪ੍ਰਾਪਤ ਕਰਨ ਵਾਲੇ ਅਧਿਕਾਰੀ ਦੇ ਹਸਤਾਖਰ ਭੇਜਣ ਬਾਰੇ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਅਧੀਨ ਪ੍ਰੀਖਿਆਵਾਂ ਸਬੰਧੀ ਦਫਤਰ ਵੱਲੋਂ ਇਹ ਨਿਰਣਾ ਲਿਆ ਗਿਆ ਹੈ ਕਿ ਇਹਨਾਂ ਪ੍ਰੀਖਿਆਵਾਂ ਦੇ ਪ੍ਰਸ਼ਨ-ਪੱਤਰ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖੇ ਜਾਣੇ ਹਨ। ਸੰਸਥਾ ਦਾ ਮੁੱਖੀ ਖੁਦ ਜਾਂ ਉਹਨਾਂ ਦਾ ਨੁਮਾਇੰਦਾ ਦਫਤਰ ਵੱਲੋਂ ਭੇਜੇ ਗਏ ਪ੍ਰਸ਼ਨ-ਪੱਤਰਾਂ ਨੂੰ ਨਿਰਧਾਰਿਤ ਮਿਤੀ ਤੇ ਜਿਲ੍ਹਾ ਸਿੱਖਿਆ ਅਫਸਰ ਦੇ ਨੁਮਾਇੰਦੇ ਦੀ ਹਾਜ਼ਰੀ ਵਿੱਚ ਬੈਂਕ ਵਿੱਚ ਪ੍ਰਾਪਤ ਕਰੇਗਾ ਅਤੇ ਬੈਂਕ ਵਿੱਚ ਹੀ ਰੱਖੇਗਾ। ਇਹ ਦੋਵੇਂ ਨੁਮਾਇੰਦੇ ਪ੍ਰੀਖਿਆ ਦੌਰਾਨ ਬੈਂਕ ਵਿੱਚੋਂ ਹਰ ਰੋਜ਼ ਪ੍ਰਸ਼ਨ-ਪੱਤਰ ਪ੍ਰਾਪਤ ਕਰਨਗੇ। ਇਸ ਲਈ ਨਾਲ ਨੱਥੀ ਪ੍ਰਫਾਰਮੇ ਤੇ ਸਬੰਧਤ ਅਧਿਕਾਰੀ ਦੇ ਹਸਤਾਖਰ/ਪੂਰਾ ਨਾਮ/ਮੋਬਾਇਲ ਨੰਬਰ ਆਦਿ ਹਰ ਹਾਲਤ ਵਿੱਚ ਮਿਤੀ 05-02-2014 ਤੱਕ ਫੈਕਸ ਨੰ-0172-3047352, 3047362 ਜਾਂ E-Mail ID-conductpseb@gmail.com ਤੇ ਭੇਜੀ ਜਾਵੇ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰੀਖਿਆ ਕੇਂਦਰ ਵਾਲੀ ਹਰ ਸੰਸਥਾ, ਬੈਂਕ ਵਿੱਚ ਪ੍ਰਸ਼ਨ-ਪੱਤਰ ਰੱਖਣ ਲਈ ਲੋਹੇ ਦਾ ਇੱਕ 2 ਕੁੰਡਿਆਂ ਵਾਲਾ ਟਰੰਕ ਅਤੇ 2 ਅਲੱਗ-ਅਲੱਗ ਕੰਪਨੀਆਂ ਦੇ ਤਾਲੇ ਖਰੀਦੇਗੀ। ਟਰੰਕ ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਲਈ ਅਲੱਗ-ਅਲੱਗ ਹੋਵੇਗਾ। ਦਫਤਰ ਇਸ ਕਾਰਜ ਲਈ ਹਰ ਸੰਸਥਾ ਨੂੰ 1200/- ਰੁ: ਪ੍ਰਤੀ ਟਰੰਕ ਦੀ ਅਦਾਇਗੀ ਕਰੇਗਾ।

ਉੱਪ ਸਕੱਤਰ (ਕੰਡਕਟ)

ਵਾਸਤੇ ਸਕੱਤਰ

ਪੰਜਾਬ ਸਕੂਲ ਸਿੱਖਿਆ ਬੋਰਡ

ਸੇਵਾ ਵਿਖੇ,

ਸਕੱਤਰ,

ਪੰਜਾਬ ਸਕੂਲ ਸਿੱਖਿਆ ਬੋਰਡ,

ਐਸ.ਏ.ਐਸ.ਨਗਰ (ਮੋਹਾਲੀ)।

ਵਿਸ਼ਾ :- ਦਸਵੀਂ/ਬਾਰ੍ਹਵੀਂ ਮਾਰਚ-2014 ਦੀ ਪ੍ਰੀਖਿਆ ਦੇ ਪ੍ਰਸ਼ਨ-ਪੱਤਰ ਪ੍ਰਾਪਤ ਕਰਨ ਲਈ ਹਸਤਾਖਰ ਭੇਜਣ ਬਾਰੇ।

ਸ੍ਰੀਮਾਨ ਜੀ,

ਆਪ ਜੀ ਦੇ ਪੱਤਰ ਨੰ- ਪਸਸਬ-~~ਕਸ~~-3, 796 ਮਿਤੀ 29/1/2014 ਦੇ ਹਵਾਲੇ ਵਿੱਚ ਪ੍ਰਸ਼ਨ-ਪੱਤਰ ਪ੍ਰਾਪਤ ਕਰਨ ਵਾਲੇ ਅਧਿਕਾਰੀ ਦੇ ਹਸਤਾਖਰ ਹੇਠ ਲਿਖੇ ਅਨੁਸਾਰ ਤਸਦੀਕ ਕਰਕੇ ਭੇਜੇ ਜਾਂਦੇ ਹਨ :-

| | |
|---|---|
| ਪ੍ਰੀਖਿਆ ਕੇਂਦਰ ਦਾ ਨਾਂ/ਕੋਡ.............................................. | |
| ........................................................................... | ਹਸਤਾਖਰ.............................. |
| | ਪੂਰਾ ਨਾਮ.............................. |
| | ਮੋਬਾਇਲ ਨੰ .......................... |

ਹੈੱਡ ਮਾਸਟਰ/ਪ੍ਰਿੰਸੀਪਲ

(ਮੋਹਰ)